# ਬੁਸ਼ ਦੀ ਜੰਗ ਦੀ ਡੱਟਕੇ ਮੁਖ਼ਾਲਫਤ ਕਰੋ!

ਦੂਸਰੀ ਸੰਸਾਰ ਜੰਗ ਵਿਚ ਨਾਜ਼ੀ ਅਤੇ ਫ਼ਾਸ਼ੀ ਤਾਕਤਾਂ ਨੂੰ ਹਾਰ ਦੇਣ ਮਗਰੋਂ "ਕੌਮਾਂਤਰੀ ਅਮਨ ਅਤੇ ਸੁਰੱਖਿਆ ਕਾਇਮ ਰੱਖਣ" ਅਤੇ "ਅਮਨ ਨੂੰ ਕਿਸੇ ਵੀ ਖ਼ਤਰੇ ਤੋਂ ਬਚਾਉਣ ਲਈ ਇਕ ਸਾਂਝੇ ਕਦਮ" ਦੇ ਤੌਰ ਤੇ ਸੰਯੁਕਤ ਰਾਸ਼ਟਰ ਸੰਘ ਦੀ ਨੀਂਹ ਰੱਖੀ ਗਈ ਸੀ ਜਿਸਦਾ ਇਕ ਹੋਰ ਮਕਸਦ ਇਹ ਸੀ ਕਿ ਹਰ ਤਰ੍ਹਾਂ ਦੇ "ਕੌਮਾਂਤਰੀ ਝਗੜਿਆਂ ਦਾ ਹੱਲ" ਅਮਨ-ਪੂਰਵਕ ਢੰਗ ਨਾਲ ਹੋਵੇ।" ਸੰਯੁਕਤ ਰਾਸ਼ਟਰ ਸੰਘ ਦਾ ਬੁਨਿਆਦੀ ਚਾਰਟਰ ਐਲਾਨੀਆਂ ਤੌਰ ਤੇ ਕਹਿੰਦਾ ਹੈ ਕਿ "ਆਉਣ ਵਾਲੀਆਂ ਪੀੜੀਆਂ ਨੂੰ ਜੰਗ ਦੀ ਲਾਅਨਤ" ਤੋ ਮਹਿਫੂਜ਼ ਕਰਨਾ ਬਹੁਤ ਲਾਜ਼ਮੀ ਹੈ। ਜਿਸ ਵੇਲੇ ਨਿਊਰਮਬਰਗ ਵਿਚ ਮੁਕੱਦਮੇ ਚਲਾਏ ਗਏ ਸਨ ਤਾਂ "ਅਮਨ ਦੇ ਖ਼ਿਲਾਫ਼ ਜੁਰਮਾਂ" ਨੂੰ ਜੰਗ ਦੇ ਦੌਰਾਨ ਕੀਤੇ ਗਏ ਅਤਿਆਚਾਰਾਂ ਨਾਲੋਂ ਵੀ ਵੱਧ ਭੈੜੇ ਕਿਹਾ ਗਿਆ ਸੀ।
ਅਮਰੀਕੀ ਸਾਮਰਾਜੀਏ ਇਸ ਵੇਲੇ ਇਰਾਕ ਦੇ ਖ਼ਿਲਾਫ਼ ਹਮਲਾ ਕਰਨ ਦੀਆਂ ਤਿਆਰੀਆਂ ਕਰਕੇ "ਅਮਨ ਦੇ ਖ਼ਿਲਾਫ਼ ਜੁਰਮ" ਕਰਨ ਦੀਆਂ ਤਿਆਰੀਆਂ ਕਰ ਰਹੇ ਹਨ ਅਤੇ ਸਾਰੇ ਸੰਸਾਰ ਦੇ ਲੋਕਾਂ ਨੂੰ ਧਮਕਾ ਰਹੇ ਹਨ ਕਿ ਅਮਰੀਕਾ ਦੇ ਆਖੇ ਨਾ ਲੱਗਣ ਦੀ ਸੂਰਤ ਵਿਚ ਪ੍ਰਮਾਣੂ ਜੰਗ ਦੀ ਭੱਠੀ ਵਿਚ ਝੋਕ ਦਿਤੇ ਜਾਣਗੇ। ਅਤੇ ਅਮਰੀਕਾ ਦੇ ਨਾਲ ਤੁਰਨ ਦਾ ਪਲੈਨ ਬਣਾਕੇ ਕੈਨੇਡਾ ਵੀ "ਅਮਨ ਦੇ ਖ਼ਿਲਾਫ਼ ਜੁਰਮ" ਕਰ ਰਿਹਾ ਜਿਸਦੀ ਦੀ ਬਹੁਤ ਡੱਟ ਕੇ ਮੁਖ਼ਾਲਫ਼ਤ ਕੀਤੀ ਜਾਣੀ ਚਾਹੀਦੀ ਹੈ!
ਕੈਨੇਡਾ ਦੀ ਕਮਿਉਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਐਲਾਨੀਆਂ ਤੌਰ ਤੇ ਕਹਿੰਦੀ ਹੈ ਕਿ ਅਮਨ ਦੇ ਖ਼ਿਲਾਫ਼ ਜੁਰਮਾਂ ਦੀ ਕਿਸੇ ਵੀ ਹਾਲਤ ਵਿਚ ਕਿਸੇ ਨੂੰ ਵੀ ਵਕਾਲਤ ਨਹੀਂ ਕਰਨੀ ਚਾਹੀਦੀ। ਅਮਨ ਦੇ ਖ਼ਿਲਾਫ਼ ਜੁਰਮਾਂ ਨੂੰ ਸਹੀ ਠਹਿਰਾਉਣ ਲਈ ਕੋਈ ਵੀ ਦਲੀਲ ਪੇਸ਼ ਕਰਨਾਂ "ਸਭਿਅਕ ਕਦਰਾਂ ਕੀਮਤਾਂ" ਦੇ ਸਾਰੇ ਸੰਕਲਪਾਂ ਦੇ ਮੂੰਹ ਤੇ ਚਪੇੜ ਮਾਰਨ ਅਤੇ ਕੌਮਾਂਤਰੀ ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਵਾਲੀ ਗੱਲ ਹੈ। ਮੁਲਕਾਂ ਦੇ ਆਪਸ ਵਿਚਲੇ ਝਗੜਿਆਂ ਨੂੰ ਹੱਲ ਕਰਨ ਲਈ ਦਹਿਸ਼ਤਵਾਦ ਦੀ ਮੁਖ਼ਾਲਫ਼ਤ, ਮਨੁੱਖੀ ਹੱਕਾਂ ਦੀ ਰਾਖੀ, ਜਮਹੂਰੀਅਤ ਅਤੇ ਸਾਂਝੀ ਸੁਰੱਖਿਆ, ਆਦਿ ਦੇ ਬੈਨਰਾਂ ਹੇਠ ਤਾਕਤ ਵਰਤਣਾਂ ਅਤੇ ਕੌਮਾਂਤਰੀ ਕਾਨੂੰਨਾਂ ਨੂੰ ਛਿਕੇ ਟੰਗਣਾਂ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਕਿਹਾ ਜਾ ਸਕਦਾ ਬਲਕਿ ਅਮਨ ਦੇ ਖ਼ਿਲਾਫ਼ ਜੁਰਮਾਂ ਨੂੰ ਇਹ ਸਗੋਂ ਹੋਰ ਵੀ ਘਿਨਾਉਣੇ ਬਣਾਉਂਦਾ ਹੈ। ਮੁਲਕਾਂ ਦੇ ਖ਼ਿਲਾਫ਼ ਤਾਕਤ ਦੀ ਵਰਤੋਂ ਕਰਨਾ, ਲੋਕ-ਮਾਰੂ ਹਥਿਆਰਾਂ ਦੀ ਵਰਤੋਂ ਇਕ ਪਾਸੇ ਰਹੀ--ਜੋ ਅਮਰੀਕਾ ਦੇ ਕੋਲ ਸਾਰਿਆਂ ਨਾਲੋ ਵੱਧ ਹਨ--ਇਕ ਅਜਿਹੀ ਮਾੜੀ ਲੀਹ ਪਾਵੇਗਾ ਜਿਸ ਨਾਲ ਸੰਸਾਰ ਭਰ ਦੇ ਤਖਤੇ ਤੇ ਅਰਾਜਕਤਾ ਦਾ ਦਰਜਾ ਅਥੌਰਟੀ ਤੋਂ ਉਪਰ ਹੋ ਜਾਵੇਗਾ।
ਆਪਣੇ ਆਰਥਚਾਰੇ ਅਤੇ ਸਿਸਟਮ ਨੂੰ ਦਰਪੇਸ਼ ਸੰਕਟ ਵਿਚੋਂ ਨਿਕਲਣ ਲਈ ਹੱਥ-ਪੈਰ ਮਾਰ ਰਿਹਾ ਅਮਰੀਕਾ ਹੁਣ ਹੋਰ ਵੀ ਖ਼ਤਰਨਾਕ ਹੋ ਰਿਹਾ ਹੈ ਤੇ ਮਿਡਲ-ਈਸਟ ਨੂੰ ਆਪਣੇ ਕੰਟਰੋਲ ਵਿਚ ਕਰਕੇ ਯੋਰਪ ਨੂੰ ਨੱਥ ਪਾਈ ਰੱਖਣ ਲਈ ਅਤੇ ਏਸ਼ੀਆ ਵਿਚ ਮਨ ਆਈਆਂ ਕਰਨ ਦੇ ਕਾਬਲ ਹੋਣ ਲਈ ਬਿਲਕੁਲ ਲਾਪ੍ਰਵਾਹੀ ਵਰਤ ਰਿਹਾ ਹੈ। ਵੈਸਟ-ਪੁਆਇੰਟ ਵਿਖੇ ਬੋਲਦਿਆਂ ਬੁਸ਼ ਨੇ ਕਿਹਾ, "ਵੀਹਵੀ ਸਦੀ ਦੇ ਅੰਤ ਤੱਕ ਪਹੁੰਚਦਿਆਂ ਇਨਸਾਨੀ ਤਰੱਕੀ ਦਾ ਸਿਰਫ਼ ਇਕ ਹੀ ਨਮੂਨਾ ਬਾਕੀ ਰਹਿ ਗਿਆ ਸੀ ਜਿਸਦਾ ਅਧਾਰ ਇਹ ਮੰਗਾਂ ਹਨ ਕਿ ਇਨਸਾਨ ਦਾ ਆਦਰ ਹੋਵੇ, ਕਾਨੂੰਨ ਦਾ ਰਾਜ ਹੋਵੇ, ਸਟੇਟ ਦੀ ਤਾਕਤ ਨੂੰ ਹੱਦ ਵਿਚ ਰੱਖਿਆ ਜਾਵੇ, ਔਰਤਾਂ ਅਤੇ ਨਿਜੀ ਜਾਇਦਾਦ ਦੀ ਕਦਰ ਹੋਵੇ, ਖੁੱਲ੍ਹ ਕੇ ਗੱਲ ਕਰਨ ਦੀ ਆਜ਼ਾਦੀ ਹੋਵੇ, ਅਤੇ ਸਾਰਿਆਂ ਨੂੰ ਇਕੋ ਜਿਹਾ ਇਨਸਾਫ਼ ਅਤੇ ਧਾਰਮਿਕ ਸਹਿਣਸ਼ੀਲਤਾ ਮਿਲੇ।"
ਜ਼ਮੀਰ ਦੇ ਹੱਕ ਦੀ ਕਦਰ ਵਾਲੇ ਕਨੇਡੀਅਨ ਔਰਤਾਂ ਅਤੇ ਮਰਦਾਂ ਦੇ ਤੌਰ ਤੇ ਅਸੀਂ ਜਾਰਜ ਬੁਸ਼ ਦੇ ਦੱਸੇ ਇਸ ਨਮੂਨੇ ਨੂੰ ਸਵੀਕਾਰ ਨਹੀਂ ਕਰਦੇ, ਨਾ ਹੀ ਅਸੀਂ ਇਸਦੇ ਸਾਕਾਰ ਰੂਪ, ਅਮਰੀਕਾ ਦੀ ਧੌਂਸ ਅਤੇ ਸਰਦਾਰੀ, ਨੂੰ ਹੀ ਤਸਲੀਮ ਕਰਦੇ ਹਾਂ, ਅਤੇ ਨਾ ਇਸਦੀ ਇਸ ਘੋਸ਼ਣਾਂ ਨੂੰ ਮੰਨਦੇ ਹਾਂ ਕਿ "ਅਮਰੀਕਾ" ਉਨ੍ਹਾਂ ਸਰਕਾਰਾਂ ਦੀ "ਹਮੈਤ ਕਰੇਗਾ ਹੈ ਤੇ ਇਨਾਮ ਦੇਵੇਗਾ ਜੋ ਆਪਣੇ ਲੋਕਾਂ ਲਈ ਇਸ ਸਹੀ ਮਾਡਲ ਤੇ ਚਲਣਗੀਆਂ।" ਇਹ ਹਕੀਕਤ, ਕਿ ਸਾਰੀਆਂ ਹੀ ਵੱਡੀਆਂ ਤਾਕਤਾਂ ਸੰਸਾਰ ਦੀ ਬਾਂਦਰ-ਵੰਡ ਵਿਚੋਂ ਆਪਣਾ ਹਿਸਾ ਲੈਣ ਲਈ ਇਸ ਤਰ੍ਹਾਂ ਦੇ ਵਾਅਦੇ ਕਰਦੀਆਂ ਹਨ, ਦਰਸਾਉਂਦੀ ਹੈ ਕਿ ਸੰਸਾਰ ਨੂੰ ਜੰਗ ਦੀ ਭੱਠੀ ਵਿਚੋਂ ਬਚਾਉਣ ਦੀ ਸਮਰੱਥਾ ਸਿਰਫ਼ ਮਜ਼ਦੂਰ ਜਮਾਤ ਅਤੇ ਸੰਸਾਰ ਦੇ ਲੋਕਾਂ ਦੇ ਹੀ ਕੋਲ ਹੈ ਤੇ ਸਿਰਫ਼ ਉਹ ਹੀ ਜੰਗ-ਫਰੋਸ਼ਾਂ ਦਾ ਮੂੰਹ ਭੰਨ ਸਕਦੇ ਹਨ ਤੇ ਮਨੁਖਤਾ ਲਈ ਸਮਾਜੀ ਤਰੱਕੀ ਦਾ ਰਾਹ ਖੋਲ੍ਹ ਸਕਦੇ ਹਨ।
ਕਨੇਡਾ ਦੀ ਕਮਿਉਨਿਸਟ ਪਾਰਟੀ(ਮ-ਲ) ਪੁਰਜ਼ੋਰ ਤਰੀਕੇ ਨਾਲ ਆਪਣਾ ਸਟੈਂਡ ਦੁਹਰਾਉਂਦੀ ਹੈ ਕਿ ਸਿਰਫ਼ ਮਜ਼ਦੂਰ ਜਮਾਤ ਅਤੇ ਦੁਨੀਆਂ ਦੇ ਲੋਕਾਂ ਨੂੰ ਹੀ ਜਮਹੂਰੀ ਹੱਕ ਹੈ ਕਿ ਉਹ ਆਪਣੇ ਲਈ ਫੈਸਲੇ ਆਪ ਕਰ ਸਕਦੇ ਹਨ। ਸੀ.ਪੀ.ਸੀ.(ਮ-ਲ) ਕਨੇਡਾ ਦੀ ਸਰਕਾਰ ਦੀ ਇਸ ਗਲੋਂ ਡੱਟਕੇ ਨਿਖੇਧੀ ਕਰਦੀ ਹੈ ਕਿ ਇਹ ਬੁਸ਼ ਦੀਆਂ ਜੰਗ ਦੀਆਂ ਸਕੀਮਾਂ ਵਿਚ ਸ਼ਰੀਕ ਹੋਣ ਦੇ ਰਾਹ ਪੈ ਗਈ ਹੈ ਚਾਹੇ ਯੂ.ਐਨ. ਜੰਗ ਦੀ ਮਨਜ਼ੂਰੀ ਦੇਵੇ ਜਾਂ ਨਾ ਦੇਵੇ। ਇਸ ਜੰਗ ਨੂੰ ਸਹੀ ਦਰਸਾਉਣ ਦੀ ਕੋਈ ਵੀ ਕੋਸ਼ਿਸ਼ ਮਨਜ਼ੂਰ ਨਹੀਂ ਕੀਤੀ ਜਾ ਸਕਦੀ। ਇਸ ਜੰਗ ਵਿਚੋਂ ਕੋਈ ਵੀ ਮੁਲਕ ਸੁਕਾ ਨਹੀਂ ਨਿਕਲਣ ਲੱਗਾ। ਇਸ ਜੰਗ ਨੂੰ ਸਹੀ ਠਹਿਰਾਉਣ ਵਾਲਾ ਕੋਈ ਵੀ ਮੁਲਕ ਜਾਂ ਕੌਮ ਬਰਬਾਦੀ ਤੋਂ ਬੱਚ ਨਹੀਂ ਸਕੇਗਾ।
ਸੀ.ਪੀ.ਸੀ.(ਮ-ਲ) ਦਾ ਆਪਣੇ ਸਾਰੇ ਮੈਂਬਰਾਂ ਤੇ ਹਮਦਰਦਾਂ ਅਤੇ ਹਮੈਤੀਆਂ ਨੂੰ, ਅਤੇ ਸਾਰੀਆਂ ਤਰੱਕੀਪਸੰਦ ਤਾਕਤਾਂ ਨੂੰ ਹੋਕਾ ਹੈ ਕਿ ਅੱਗੇ ਦਿਸਦੇ ਖ਼ਤਰਿਆਂ ਤੋਂ ਬਚਣ ਲਈ ਹਰ ਮੁਮਕਿਨ ਕੋਸ਼ਿਸ਼ ਕਰੋ। ਮਜ਼ਦੂਰ ਜਮਾਤ ਨੂੰ ਜਥੇਬੰਦ ਕਰੋ ਤਾਂ ਕਿ ਇਹ ਲੋਕਾਂ ਨੂੰ ਇਸ ਮੁਲਕ ਵਿਚ ਇਕ ਜੰਗ-ਵਿਰੋਧੀ ਸਰਕਾਰ ਸਥਾਪਤ ਕਰਨ ਵਿਚ ਰਾਹਨੁਮਾਈ ਦੇਵੇ। ਮਜ਼ਦੂਰਾਂ ਨੂੰ ਹੋਕਾ ਦਿਤਾ ਜਾਵੇ ਕਿ ਉਹ ਆਪ ਸਿਆਸਤਦਾਨ ਬਣਕੇ ਲੋਕਾਂ ਨੂੰ ਇਸ ਅਸੂਲੀ ਸਟੈਂਡ ਉਤੇ ਇਕੱਠਾ ਕਰਨ ਕਿ ਨਵ-ਲਿਬਰਲ ਸਮਾਜ-ਵਿਰੋਧੀ ਹੱਲੇ ਦੀ ਮੁਖ਼ਾਲਫ਼ਤ ਕਰਨਾ ਬਹੁਤ ਜ਼ਰੂਰੀ ਹੈ ਜਿਸਦਾ ਮਕਸਦ ਵਿਸ਼ਵ-ਮੰਡੀ ਵਿਚ ਕਾਮਯਾਬ ਹੋ ਕੇ ਸੰਸਾਰ ਉਤੇ ਗਲਬਾ ਹਾਸਲ ਕਰਨ ਦੀ ਅੰਤਰ-ਸਾਮਰਾਜੀ ਦੌੜ ਵਿਚ ਅਮਰੀਕੀ ਸਾਮਰਾਜੀ ਧੜੇ ਨਾਲ ਖੜੇ ਹੋਣਾਂ ਹੈ।

ਕਨੇਡਾ ਨੂੰ ਅਮਨ ਦੇ ਖ਼ਿਲਾਫ਼ ਜੁਰਮ ਕਰਨ ਤੋਂ ਰੋਕੋ!
ਕੈਨੇਡਾ ਦੀ ਕਮਿਉਨਿਸਟ ਪਾਰਟੀ (ਮ-ਲ) ਦਾ ਬਿਆਨ (੧੭ਜਨਵਰੀ ੨੦੦੩)